ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
CONTACT RAJ : 021874730, 021874702, 0800 253 2687
www.redcleaning.co.nz

02July 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਪਲਾਸਟਿਕ ਬੈਗ ਉਤਪਾਦਨ ਕਰਨ ਵਾਲੀ ਕੰਪਨੀਆਂ ਕੰਪਨੀਆਂ ਨੂੰ ਦੇਣਾ ਹੋਵੇਗਾ 1 ਲੱਖ ਡਾਲਰ ਦਾ ਜੁਰਮਾਨਾ

ਆਕਲੈਂਡ (ਐਨ. ਜ਼ੈਡ. ਤਸਵੀਰ ਬਿਓਰੋ) : ਲੰਘੇ ਸੋਮਵਾਰ ਨੂੰ ਨਿਊਜ਼ੀਲੈਂਡ ਵਿਚ ਅਧਿਕਾਰਤ ਤੌਰ 'ਤੇ ਰਿਟੇਲ ਵਿਕ੍ਰੇਤਾਵਾਂ ਦੇ ਲਈ ਪਲਾਸਟਿਕ ਬਗ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਨਿਊਜ਼ੀਲੈਂਡ ਦੇ ਅਧਿਕਾਰੀਆਂ ਨੇ ਕਿਹਾ ਕਿ ਜੋ ਵੀ ਪਲਾਸਟਿਕ ਸ਼ਾਪਿੰਗ ਬੈਗ ਦਾ ਪ੍ਰਯੋਗ ਕਰੇਗਾ ਉਸ ਉਤੇ ਭਾਰੀ ਜੁਰਮਾਨਾ ਲਗਾਇਆ ਜਾਵੇਗਾ। ਪਲਾਸਟਿਕ ਪ੍ਰਦਰਸ਼ਨ ਇੱਕ ਵਿਸ਼ਵ ਵਿਆਪੀ ਚਿੰਤਾ ਬਣ ਗਿਆ ਹੈ, ਜਿਸ ਨਾਲ ਇੱਕ ਲੱਖ ਪੰਛੀ ਅਤੇ ਇੱਕ ਲੱਖ ਤੋਂ ਜ਼ਿਆਦਾ ਸਮੁੰਦਰੀ ਜੀਵ ਜੰਤੂ ਜ਼ਖਮੀ ਹੋ ਰਹੇ ਹਨ, ਜੋ ਕਿ ਹਰ ਸਾਲ ਪੈਕੇਜਿੰਗ ਵਿਚ ਉਲਝ ਜਾਂਦੇ ਹਨ। ਪਲਾਸਟਿਕ ਨਾਲ ਜੁੜੀ ਕੰਪਨੀਆਂ ਇਸ ਪ੍ਰਤੀਬੰਦੀ ਨੂੰਤੋੜਣ ਦੇ ਲਈ ਕੋਸ਼ਿਸ਼ ਕਰਨਗੇ। ਉਨ੍ਹਾਂ ਕੰਪਨੀਆਂ ਨੂੰ ਭਾਰੀ ਜੁਰਮਾਨਾ ਦਾ ਸਾਹਮਣਾ ਕਰਨਾ ਪਵੇਗਾ। ਜੋ ਕਿ ਇੱਕ ਲੱਖ ਨਿਊਜ਼ੀਲੈਂਡ ਡਾਲਰ ਤੱਕ ਦਾ ਹੋ ਸਕਦਾ ਹੈ। ਵਾਤਾਵਰਣ ਮੰਤਰੀ ਯੂਜਨੀ ਸੇਜ ਨੇ ਕਿਹਾ ਕਿ ਨਿਊਜ਼ੀਲੈਂਡ ਦੇ ਲੋਕਾਂ ਨੂੰ ਸਾਡੇ ਦੇਸ਼ ਦੀ ਸਵੱਛਤਾ 'ਤੇ ਮਾਣ ਹੋਣਾ ਚਾਹੀਦਾ ਹੈ। ਨਵੇਂ ਨਿਯਮਾਂ ਦੇ ਤਹਿਤ ਪਤਲੇ ਪਲਾਸਟਿਕ ਦੇ ਰਿਟੇਲ ਉਪਯੋਗ ਵਾਲੇ ਸਾਪਿੰਗ ਬੈਗ ਦੀ ਇਜ਼ਾਜਤ ਨਹੀਂ ਦਿੱਤੀ ਜਾ ਸਕਦੀ ਹੈ। ਇਸ ਕਾਨੂੰਨ ਨੂੰ ਪਿਛਲੇ ਸਾਲ ਅਗਸਤ ਵਿਚ ਐਲਾਨਿਆ ਗਿਆਸੀ। ਜਿਸ ਨੂੰ ਬੀਤੇ ਸੋਮਵਾਰ ਲਾਗੂ ਕਰ ਦਿੱਤਾ ਗਿਆ

**ਭਾਰਤ ਵਿਚ ਵੀ ਪਲਾਸਟਿਕ ਇੱਕ ਵੱਡੀ ਸਮੱਸਿਆ** ਭਾਰਤ ਵਿਚ ਹੁਣ ਤੱਕ 20 ਰਾਜਾਂ ਵਿਚ ਪਲਾਸਟਿਕ ਬੈਗ 'ਤੇਪਾਬੰਦੀ ਲਗਾਈ ਗਈ ਹੈ, ਇਕ ਅੰਦਾਜ਼ੇ ਦੇ ਅਨੁਸਾਰ ਹਰ ਸਾਲ 5.6 ਮਿਲੀਅਲ ਟਨ ਪਲਾਸਟਿਕ ਦਾ ਕਚਰਾ ਪੈਦਾ ਹੁੰਦਾ ਹੈ, ਦੇਸ਼ ਦੇ 50 ਫੀਸਦੀ ਪਲਾਸਟਿਕ ਕਕਚਰੇ ਨੂੰ ਦੁਨੀਆ ਦੇ ਮਹਾਂਸਾਗਰਾਂ ਵਿਚ ਸੁੱਟ ਦਿੱਤਾ ਜਾਂਦਾ ਹੈ। ਇੰਟਰਵਾਇਰਮੈਂਟ ਸਾਇੰਸ ਐਂਡ ਟੈਕਨਾਲੋਜੀ ਦੇਅਨੁਸਾਰ ਦੁਨੀਆ ਦੀ ਦਸ ਨਦੀਆਂ ਵਿਚੋਂ ਤਿੰਨ ਜੋ ਮਹਾਂਸਾਗਰਾ ਵਿਚ 90 ਫੀਸਦੀ ਪਲਾਸਟਿਕ ਲੈ ਕੇ ਜਾਂਦੀਆਂ, ਉਨ੍ਹਾਂ ਵਿਚੋਂ ਭਾਰਤ ਦੇ ਤਿੰਨ ਪ੍ਰਮੁੱਖ ਨਦੀਆਂ ਸਿੰਧੂ, ਗੰਗਾ ਅਤੇ ਬ੍ਰਾਹਮਪੁੱਤਰ ਹਨ।

## ਪੰਜ ਉਹ ਗੱਲਾਂ ਜਿਨ੍ਹਾਂ ਕਾਰਨ ਪਲਾਸਟਿਕ ਬੈਗ 'ਤੇ ਲੱਗੀ ਪਾਬੰਦੀ

**ਬੀਤੇ ਕੱਲ ਨਿਊਜ਼ੀਲੈਂਡ ਵਿਚ ਪਲਾਸਟਿਕ ਬੈਗ 'ਤੇ ਪਾਬੰਦੀ ਲੱਗ ਗਈ ਹੈ, ਨਵੇਂ ਨਿਯਮਾਂ ਤਹਿਤ ਦੁਕਾਨਦਾਰ ਕਿਸੇ ਵੀ ਗ੍ਰਾਹਕ ਨੂੰ ਆਪਣਾ ਸਮਾਨ ਪਲਾਸਟਿਕ ਦੇ ਬੈਗ ਵਿਚ ਨਹੀਂ ਦੇਣਗੇ। ਜੇਮੀ ਮਾਰਟਨ ਉਹ ਪੰਜ ਗੱਲਾਂ ਦੱਸਦੇਹ ਨ, ਜਿਸ ਨਾਲ ਲੋਕਾਂ ਨੂੰ ਨਿਯਮਾਂ ਬਾਰੇ ਜਾਣਨ ਵਿਚ ਮਦਦ ਮਿਲੇਗੀ**

**ਵਾਸਤਵ ਵਿਚ ਪਾਬੰਦੀ ਕੀ ਹੈ ਅਤੇ ਇਸ ਦੀ ਸਹੀ ਪਰਿਭਾਸ਼ਾ ਕੀ ਹੈ ?**

ਨਵੇਂ ਨਿਯਮਾਂ 70 ਮਾਈਕਰੋ ਦੀ ਮੋਟਾਈ ਦੇ ਕਿਸੇ ਵੀ ਪਲਾਸਟਿਕ ਬੈਗ 'ਤੇ ਲਾਗੂਹੁੰਦੇ ਹਨ। ਇਹ ਨਵਾਂ ਜਾਂ ਅਣਵਰਤਿਆ ਬੈਗ ਵੀ ਹੋ ਸਕਦਾ ਹੈ, ਜੋ ਕਿ ਵਿਕਰੀ ਵਾਲੀਆਂ ਚੀਜ਼ਾਂ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਬੈਗਾਂ ਨੂੰ ਕਦੇ ਕਦੇ ਪਲਾਸਟਿਕ ਦੇ ਰੂਪ ਵਿਚ ਨਹੀਂ ਦੇਖਿਆ ਜਾਂਦਾ। ਕਵਰ ਕੀਤੇ ਗਏ ਵੱਖ-ਵੱਖ ਪ੍ਰਕਾਰ ਦੈਗ ਸੁਪਰਮਾਰਕਿਟ ਅਤੇ ਸਟੋਰ ਵਿਚ ਪੇਸ਼ ਕੀਤਾ ਜਾਦੇ ਹਨ। ਪੁਰਾਣੇ ਪੀਲੇ ਪਾਕ ਐਨ ਸੇਵ ਬੈਗ ਵਿਚ ਲਗਭਗ 35 ਮਾਈਕ੍ਰੋਨ ਵਿਚ ਮਾਪਿਆ ਜਾਦਾ ਹੈ, ਜਦੋਂ ਕਿ ਕੱਪੜੇ ਜਾਂ ਡਿਪਾਰਟਮੈਂਟ ਸਟੋਰ ਵਿਚ ਸਮਾਨ ਆਮ ਤੌਰ 'ਤੇ 50 ਤੋਂ 70 ਮਾਈਕ੍ਰੋਨ ਦੇ ਵਿਚ ਹੁੰਦਾ ਹੈ। ਸਰਕਾਰ ਰਿਟੇਲ ਵਿਕ੍ਰੇਤਾਵਾਂ ਨੂੰ ਉਤਸ਼ਾਹਿਤ ਕਰ ਰਹੀ ਹੈ ਕਿ ਉਹ ਆਪਣੇ ਸਪਲਾਈਕਾਰਾਂ ਦੇ ਨਾਲ ਉਨ੍ਹਾਂ ਦੀ ਮੋਟਾਈ 'ਤੇ ਸਪਸ਼ਟੀਕਰਨ ਦੇਣ ਅਤੇ ਉਨ੍ਹਾਂ ਨੂੰ ਦੁਬਾਰਾ ਵਰਤੋਂ ਵਾਲੇ ਬੈਗ ਦੀ ਮੰਗ ਕਰਨ। ਛੇ ਮਹੀਨਿਆਂ ਦੇ ਫੇਜ਼ ਆਊਟ ਮਿਆਦ ਦੇ ਦੌਰਾਨ ਸੁਪਰ ਮਾਰਕਿਟ ਪਹਿਲਾਂ ਹੀ ਪਲਾਸਟਿਕ ਬੈਗ ਨੂੰ ਬਦਲ ਚੁੱਕੀ ਹੈ। ਕਿਵੀਜ਼ ਨੇ ਵੀ ਇਹ ਤਬਦੀਲੀ ਪਹਿਲਾਂ ਹੀ ਅਪਣਾ ਲਈ ਹੈ। ਸਰਵੇਖਣ ਦੇ ਨਤੀਜਿਆਂ ਦੇ ਨਾਲ 80 ਫੀਸਦੀ ਤੌਂ ਵੱਧ ਦੁਕਾਨਾਂ ਆਪਣੇ ਪਿਛੇ ਸਾਲ ਦੇਮੁਕਾਬਲੇ ਇਸ ਸਾਲ ਮੁੜ ਵਰਤੋਂ ਵਾਲੇ ਬੈਗ ਦੀ ਵਰਤੋਂ ਕਰ ਰਹੀਆਂ ਹ ਨ।

**ਬਾਇਓ ਬੈਗ 'ਤੇ ਵੀ ਪਾਬੰਦੀ ਲਗਾਈ ਗਈ**

ਭਲੇਹੀ ਬਾਇਓ ਆਧਾਰਿਤ ਪਲਾਸਟਿਕ ਬੈਗ ਕਈ ਵਾਰ ਪੌਦਿਆਂ ਤੋਂ ਬਣਦੇ ਹਨ, ਪਰ ਉਨ੍ਹਾਂ ਦੇ ਨਿਰਮਾਣ ਪ੍ਰਕਿਰਿਆ ਪੌਦਿਆਂ ਨੂੰ ਜਲਦੀ ਜਾਂ ਆਸਾਨੀ ਨਾਲ ਤੋੜਨ ਤੋਂ ਰੋਕਦੀ ਹੈ, ਪਰ ਵਾਤਾਵਰਣ ਮੰਤਰਾਲੇ ਨੇ ਇਹ ਸਲਾਹ ਦਿੱਤੀ ਹੈ ਕਿ ਜੇਕਰ ਸਹੀ ਇਨਫਰਾਸਟ੍ਰਕਚਰ ਵਿਕਸਿਤ ਕੀਤਾ ਜਾਵੇ ਤਾਂ ਪਾਬੰਦੀ ਦਾ ਇਹ ਹਿੱਸਾ ਮੁੜ ਚਾਲੂ ਕੀਤਾ ਜਾ ਸਕਦਾ ਹੈ।

**ਹੋਰ ਕਿਸਮ ਦੇ ਬੈਗ ਅਜੇ ਵੀ ਵਰਤੇ ਜਾ ਸਕਦਾ ਹਨ**

ਲੋਕ ਹਾਲੇ ਵੀ ਲਾਈਟਵੇਟ ਬੈਗਾਂ ਨੂੰ ਖਰੀਦਣ ਦੇ ਯੋਗ ਹੋਣਗੇ। ਪੱਕੇ ਹੋਏ ਚਿਕਨ, ਬ੍ਰੈਡ ਬੈਗ ਅਤੇ ਪਾਊਚ ਦੀ ਤਰ੍ਹਾਂ ਪੈਕੇਜਿੰਗ ਵਾਲੇ ਬੈਗ 'ਤੇ ਹਾਲੇ ਵੀ ਛੋਟ ਹੈ। ਸਰਕਾਰ ਦਾ ਤਰਕ ਹੈ ਕਿ ਸਵੱਛਤਾ ਦੇ ਲਈ ਇਸ ਪ੍ਰਕਾਰ ਦੇ ਬੈਗ ਦੀ ਜ਼ਰੂਰਤ ਹੈ ਅਤੇ ਇਸ ਪੱਧਰ 'ਤੇ ਇਨ੍ਹਾਂ ਬੈਗਾਂ ਨੂੰ ਪਾਬੰਦੀ ਦੇ ਨਜ਼ਰੀਏ ਨਾਲ ਨਹੀਂ ਦੇਖਿਆ ਜਾ ਰਿਹਾ। ਉਕਤ ਨਿਯਮ ਸਿੰਥੈਟਿਕ ਕੱਪੜੇ ਨਾਲ ਬਣੇ ਹੋਏ ਬੈਗ 'ਤੇ ਵੀ ਲਾਗੂ ਨਹੀਂ ਹੁੰਦੇ। ਇਸ ਤਰ੍ਹਾਂ ਇਕ ਮਾਨਤਾ ਪ੍ਰਾਪਤ ਸੰਸਥਾ ਦੁਆਰਾ ਪ੍ਰਮਾਣਿਤ ਕੀਤੇਗਏ ਬੈਗ ਦੇ ਲਈ ਛੋਟ ਦਿੱਤੀ ਗਈ ਹੈ, ਕਿਉਂਕਿ ਘੱਟੋ ਘੱਟ 55 ਉਪਯੋਗਾਂ ਦੇ ਲਈ 100 ਮੀਟਰ ਤੋਂ ਵਧੇਰੇ ਦੂਰੀ ਦੇ ਲਈ 5 ਕਿਲੋਗ੍ਰਾਮ ਦੀ ਸਮਰਥਾ ਦੇ ਯੋਗ ਹੋਣ।

**ਕੁਝ ਹੋਰ ਨਿਯਮ ਵੀ ਲਾਗੂ ਕੀਤੇ ਜਾਣਗੇ**

ਹਾਲਾਂਕਿ ਸਰਕਾਰ ਕੋਲ ਅਜਿਹੇ ਵਪਾਰ ਨੂੰ ਚਲਾਉਣ ਲਈ ਕੋਈ ਨਿਸ਼ਾਨ ਨਹੀਂ ਹੈ। ਇਸ ਲਈ ਰਿਟੇਲਰਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਜੇਕਰ ਕੋਈ ਉਕਤ ਨਿਯਮ ਤੋੜਦੇ ਹਨ ਤਾਂ ਉਸ ਨੂੰ 6 ਅੰਕਾਂ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ, ਹਾਲਾਂਕਿ ਜੇ ਅਦਾਲਤੀ ਕਾਰਵਾਈ ਕਰਨ ਦੀ ਲੋੜ ਪਈ ਤਾਂ ਉਹ ਵੀ ਕੀਤੀ ਜਾਵੇਗੀ। ਹਾਲਾਂਕਿ ਸਰਕਾਰ ਨੇ ਕਿਹਾ ਹੈ ਕਿ ਇਸ ਮਹਿਕਮੇ ਦੇ ਮੁੱਖ ਮਕਸਦ ਜੁਰਮਾਨਾ ਵਸੂਲਣਾ ਨਹੀਂ ਹੈ ਬਲਕਿ ਸਵੱਛਤਾ ਦੀ ਮੁਹਿੰਮ ਨੂੰ ਵਧਾਉਣਾ ਹੈ।

**ਇਹ ਪਾਬੰਦੀ ਪਹਿਲਾ ਕਦਮ ਹੈ**

ਕੁਝ ਅੰਦਾਜ਼ਿਆਂ ਤੋਂ ਪਤਾ ਚੱਲਿਆ ਹੈ ਹਾਲ ਹੀ ਦੇ ਸਮੇਂ ਵਿਚ ਔਸਤ ਕਿਵੀ ਹਰ ਸਾਲ 154 ਸਿੰਗਲ ਵਰਤੋਂ ਵਾਲੇ ਪਲਾਸਟਿਕ ਬੈਗ ਦੀ ਵਰਤੋਂ ਕਰਦਾ ਹੈ ਜੋ ਕਿ ਹਰ ਸਾਲ ਤਕਰੀਬਨ 750 ਮਿਲੀਅਨ ਬੈਗ ਦੇ ਬਰਾਬਰ ਹੁੰਦ ਹੈ, ਜੋ ਕਿ ਹੈਰਾਨਕੁੰਨ ਹੈ। ਵਾਤਾਵਰਣ ਮੰਤਰੀ ਯੂਗਨੀ ਸੇਜ ਨੇ ਕਿਹਾ ਕਿ ਹਲਕੇ ਭਾਰ ਵਰਤੇ ਜਾਣ ਵਾਲੇ ਪਲਾਸਟਿਕ ਦੇ ਬੈਗ ਨੂੰ ਕੁਦਰਤ ਨੂੰ ਗੰਦਾ ਕਰ ਰਹੇਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਪੜਾਅਵਾਰ ਇਸ ਕੰਮ ਲਈ ਉਤਸ਼ਾਹਿਤ ਕੀਤਾ ਜਾਵੇਗਾ ਤਾਂ ਜੋ ਲੋਕ ਪਲਾਸਟਿਕ ਬੈਗ ਦੀ ਵਰਤੋਂ ਬੰਦ ਕਰ ਦੇਣਾ। ਪਲਾਸਟਿਕ ਬੈਗਜ਼ ਨਾਲ ਮੌਜੂਦਾ ਤੌਰ 'ਤੇ ਤਕਰੀਬਨ 80 ਤੋਂ 85 ਫੀਸਦੀ ਤੱਕ ਸਮੁੰਦਰੀ ਕੂੜਾ ਪੈਦਾ ਹੋ ਰਿਹਾ ਹੈ। ਸਰਕਾਰ ਨੇ ਇਹ ਸੰਕੇਤ ਦਿੱਤਾ ਹੈ ਕਿ ਨਵੇਂ ਨਿਯਮ ਇੱਕ ਵੱਡੇ ਮੁੱਦੇ ਨੂੰ ਹੀ ਹੱਲ ਨਹੀਂ ਕਰਨਗੇ ਸਗੋਂ ਵਾਤਾਵਰਣ ਨੂੰ ਸਵੱਛ ਕਰਨ ਵਿਚ ਸਹਾਈ ਹੋਣਗੇ।

## ਨਿਊਜੀਲੈਂਡ 'ਚ ਫੋਨ ਕਰਕੇ ਲੋਕਾਂ ਨੂੰ ਠੱਗਿਆ ਜਾ ਰਿਹਾ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਚੋਰੀ ਕਰਨ ਦੇ ਢੰਗ ਵੀ ਸਮੇਂ ਦੇ ਨਾਲ-ਨਾਲ ਬਦਲਦੇ ਜਾ ਰਹੇ ਹਨ ਜਾਂ ਇੰਝ ਆਖ ਲਈਏ ਕਿ ਚੋਰ ਵੀ ਹੁਣ ਹਾਈਟੈੱਕ ਹੋ ਰਹੇ ਹਨ। ਤਾਜਾ ਖਬਰ ਨਿਊਜੀਲੈਂਡ ਤੋਂ ਜਿੱਤੇ ਸੈਂਕੜੇ ਲੋਕ ਫੋਨ ਦੇ ਜਰੀਏ ਧੋਖਾ ਖਾ ਚੁੱਕੇ ਹਨ।

ਪੁਲਿਸ ਦੇ ਅਨੁਸਾਰ ਉਨ੍ਹਾਂ ਨੂੰ ਕਈਂ ਸ਼ਿਕਾਇਤਾ ਮਿਲ ਚੁੱਕੀਆਂ ਹਨ। ਜਾਣਕਾਰੀ ਅਨੁਸਾਰ ਸਕੈਮਰ ਖੁਦ ਨੂੰ ਪਹਿਲਾਂ ਤਾਂ ਸਪਾਰਕ ਦੇ ਗ੍ਰਾਹਕ ਪ੍ਰਤੀਨਿਧੀ ਦੱਸਦੇ ਹਨ ਅਤੇ ਉਹ ਫੋਨ ਕਰਨ ਵਾਲੇ ਨੂੰ ਧੋਖਾਧੜੀ ਦਾ ਸ਼ਿਕਾਰ ਹੋਣ ਦਾ ਖਦਸ਼ਾ ਦਸਦਿਆਂ ਫੋਨ ਕਾਲ ਇੱਕ ਹੋਰ ਵਿਅਕਤੀ ਨੂੰ ਟ੍ਰਾਂਸਫਰ ਕਰ ਦਿੰਦੇ ਹਨ, ਜੋ ਕਿ ਗੱਲਾਂ ਵਿੱਚ ਲਾਕੇ ਉਨ੍ਹਾਂ ਨੂੰ ਪੈਸੇ ਇੱਕ ਖਾਤੇ ਵਿੱਚ ਪਾਉਣ ਲਈ ਕਹਿੰਦਾ ਹੈ। ਕਈਂ ਫੋਨ ਕਰਨ ਵਾਲੇ ਖੁਦ ਨੂੰ ਪੁਲਿਸ ਦੇ ਅਧਿਕਾਰੀ ਵੀ ਦੱਸਦੇ ਹਨ। ਇਨ੍ਹਾਂ ਦਾ ਸ਼ਿਕਾਰ ਜਿਆਦਤਰ ਬਜੁਰਗ ਲੋਕ ਹੋ ਰਹੇ ਹਨ। ਜੋ ਇਨਾਂ ਦੀਆਂ ਗੱਲਾਂ ਵਿੱਚ ਆ ਕੇ ਪੈਸੇ ਟ੍ਰਸਾਂਵਰ ਕਰ ਦਿੰਦੇ ਹਨ। ਪੁਲਿਸ ਨੇ ਕਿਹਾ ਕਿ ਅਜਿਹੀਆਂ ਫੋਨ ਕਾਲਾਂ ਤੋਂ ਸਾਵਧਾਨ ਰਹੋ ਪੁਲਿਸ ਕਿਸੇ ਨੂੰ ਵੀ ਫੋਨ ਕਰਕੇ ਕਿਸੇ ਤੋਂ ਕੋਈ ਜਾਣਕਾਰੀ ਜਾਂ ਪੈਸੇ ਦੀ ਮੰਗ ਨਹੀਂ ਕਰਦੀ।

## ਨਿਊਜ਼ੀਲੈਂਡ ਦਾ ਵੀਜ਼ਾ ਲੈਣ ਲਈ ਬਿਨੈਕਾਰਾਂ ਵੱਲੋਂ ਦਿੱਤੇ ਫਰਜ਼ੀ ਦਸਤਾਵੇਜ਼ਾਂ ਦੀ ਗਿਣਤੀ ਲਗਭਗ ਦੁਗਣੀ ਹੋਈ

ਆਕਲੈਂਡ, (ਐਨ. ਜ਼ੈਡ. ਤਸਵੀਰ) : ਇੰਮੀਗ੍ਰੇਸ਼ਨ ਅਟੈਂਡੈਂਟ ਜੈਨੀ ਮੈਲਵਿਲ ਦਾ ਕਹਿਣਾ ਹੈ ਕਿ ਨਿਊਜ਼ੀਲੈਂਡ ਆਉਣ ਵਾਲੇ ਜ਼ਿਆਦਾਤਰ ਬਿਨੈਕਾਰ ਆਪਣੇ ਦਸਤਾਵੇਜ਼ਾਂ ਵਿਚ ਧੋਖਾਧੜੀ ਕਰਦੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਦੇ ਮੁਕਾਬਲੇ




ਇਨ੍ਹਾਂ ਧੋਖਾਧੜੀਆਂ ਵਿਚ 88 ਫੀਸਦੀ ਵਾਧਾ ਹੋਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਹੁਣ ਘੱਟ ਜੋਖਮ ਵਾਲੇ ਬਿਨੈਕਾਰਾਂ ਨੂੰ ਤਰਜੀਹ ਦਿੱਤੀ ਜਾ ਰੀ ਹੈ, ਜਿਸ ਕਾਰਨ ਪ੍ਰਕਿਰਿਆ ਵਿਚ ਲੰਬੀ ਦੇਰੀ ਕਾਰਨ ਉਡੀਕ ਕਰਨੀ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਖਾਸ ਕਰਕੇ ਭਾਰਤ ਵਿਚ ਮੁੰਬਈ ਵਿਖੇ ਆਈਐਨਐਸਐਸ ਦੇਗੋਲਬਲ ਓਪਰੇਸ਼ਨ ਕਾਰਨ ਅਰਜ਼ੀਆਂ ਦਾ ਬੈਕਲਾਗ ਹੋਇਆ ਹੈ। ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਵਧੀ ਰਹੀਆਂ ਧਮਕੀਆਂ ਦੇ ਨਾਲ ਜੋ ਇੰਮੀਗ੍ਰੇਸ਼ਨ ਖੇਤਰ ਵਿਚ ਅਸੀਂ ਦੇਖ ਰਹੇ ਹਾਂ ਉਹ ਚਿੰਤਾਜਨਕ ਹੈ। ਲੋਕਾਂ ਦੇ ਸਮਲਿੰਗੀ ਸ਼ੋਸ਼ਣ, ਧੋਖਾਧੜੀ ਦੀਆਂ ਘਟਨਾਵਾਂ ਨਾਜ਼ੁਕ ਹਨ। ਇਮੀਗ੍ਰੇਸ਼ਨ ਨਿਊਜ਼ੀਲੈਂਡ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਉਨ੍ਹਾਂ ਕਿਹਾ ਕਿ ਉਸ ਸਿੱਖਿਆ ਦੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਇੰਮੀਗ੍ਰੇਸ਼ਨ ਸਿੱਖਿਆ ਪ੍ਰਦਾਤਾਵਾਂ ਨਾਲ ਕੰਮ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਅਸੀਂ ਇਹ ਜਾਣਦੇ ਹਾਂ ਕਿ ਸਿੱਖਿਆ ਏਜੰਟ, ਲਾਇਸੈਂਸਸ਼ੁਦਾ ਸਲਾਹਕਾਰਾਂ ਖਾਸ ਕਰਕੇ ਭਾਰਤੀ ਬਜ਼ਾਰ ਵਿਚ ਕੰਮ ਕਰਨ ਵਾਲਿਆਂ ਲਈ ਬਹੁਤ ਸਾਰਾ ਕੰਮ ਕਰਦੇ ਹਾਂ, ਇਹ ਯਕੀਨੀ ਬਣਾਉਣ ਲਈ ਅਸੀਂ ਉਚਗੁਣਵੱਤਾ ਵਾਲੇ ਵਿਦਿਆਰਥੀਆਂ ਨੂੰ ਨਿਊਜ਼ੀਲੈਂਡ ਆਉਣ ਦਾ ਸੱਦਾ ਦਿੰਦਾ ਹਾਂ। ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਸਾਲ 2017-18 ਵਿਚ 88 ਫੀਸਦ ਅਰਜ਼ੀਆਂ ਵਿਚ ਝੂਠੇ ਦਸਤਾਵੇਜ਼ ਪਾਏ ਗਏ ਸਨ।

## ਨਿਊਜ਼ੀਲੈਂਡ 'ਚ ਕੁਕਰੀ ਅਤੇ ਨਰਸਿੰਗ ਦੇ ਖੇਤਰ 'ਚ ਬੇਹੱਦ ਸੰਭਾਵਨਾਵਾਂ

ਉੱਚ ਸਿੱਖਿਆ ਦੇ ਮਕਸਦ ਨਾਲ ਨਿਊਜ਼ੀਲੈਂਡ ਜਾਣ ਦੇ ਇਛੁੱਕ ਨੌਜਵਾਨਾਂ ਨੂੰ ਕੁਕਰੀ ਅਤੇ ਨਰਸਿੰਗ ਦੇ ਖੇਤਰਾਂ 'ਚ ਪੀ.ਆਰ.ਦੀਆਂ ਬੇਹਤਰੀਨ ਸੰਭਾਵਨਾਵਾਂ ਹਨ। ਲਿਹਾਜ਼ਾ ਜੇਕਰ ਸਟੂਡੈਂਟ ਨਿਊਜ਼ੀਲੈਂਡ ਜਾਣ ਦਾ ਮਨ ਬਣਾ ਰਹੇ ਹਨ ਤਾਂ ਦੋਵਾਂ ਖੇਤਰਾਂ ਨਾਲ ਜੁੜੇ ਕੋਰਸਾਂ 'ਚ ਹੀ ਦਾਖਲਾ ਲੈਣ। ਹੋਰ ਖੇਤਰਾਂ 'ਚ ਰੋਜ਼ਗਾਰ ਅਤੇ ਪੀ.ਆਰ. ਦੀਆਂ ਸੰਭਾਵਨਾਵਾਂ ਇਨ੍ਹਾਂ ਦੋਵਾਂ ਕੋਰਸਾਂ ਦੇ ਮੁਕਾਬਲੇ ਘੱਟ ਹਨ। ਇਹ ਜਾਣਕਾਰੀ ਨਿਊਜ਼ੀਲੈਂਡ ਦੇ ਸਰਕਾਰੀ ਕਾਲਜ ਵੈਸਟਰਨ ਇੰਸਟੀਚਿਊਟ ਆਫ ਟੈਕਨਾਲੋਜੀ ਦੇ ਭਾਰਤ 'ਚ ਪ੍ਰਬੰਧਕ ਕੰਵਰਦੀਪ ਨੇ ਸਥਾਨਕ ਇਕ ਹੋਟਲ 'ਚ ਕਰਵਾਏ ਗਏ ਸੈਮੀਨਾਰ ਦੌਰਾਨ ਦਿੱਤੀ। ਇਸ ਸੈਮੀਨਾਰ ਦਾ ਆਯੋਜਨ ਸਟਡੀ ਅਬਰੋਡ ਕੰਸਲਟੈਂਟ ਐਸੋਸੀਏਸ਼ਨ ਵੱਲੋਂ ਕਰਵਾਇਆ ਗਿਆ ਸੀ। ਇਸ ਦੌਰਾਨ 40 ਦੇ ਕਰੀਬ ਐਜੂਕੇਸ਼ਨ ਕੰਸਲਟੈਂਟਸ ਨੇ ਕੰਵਰਦੀਪ ਵੱਲੋਂ ਨਿਊਜ਼ੀਲੈਂਡ 'ਚ ਸਿੱਖਿਆ ਦੇ ਖੇਤਰ ਵਿਚ ਮੌਜੂਦ ਸੰਭਾਵਨਾਵਾਂ ਅਤੇ ਸਟੂਡੈਂਟ ਲਈ ਚੰਗੇਰੇ ਬਦਲਾਂ ਬਾਰੇ ਜਾਣਕਾਰੀ ਲਈ। ਕੰਵਰਦੀਪ ਨੇ ਦੱਸਿਆ ਕਿ ਸਿੱਖਿਆ ਦੌਰਾਨ ਵਿਦਿਆਰਥੀ ਹਫਤੇ 'ਚ 20 ਘੰਟੇ ਕੰਮ ਕਰ ਸਕਦੇ ਹਨ। ਇਸ ਤੋਂ ਇਲਾਵਾ ਸਟਡੀ ਪੂਰੀ ਕਰਣ ਤੋਂ ਬਾਅਦ 3 ਸਾਲ ਤੱਕ ਬਾਹਰ ਕੰਮ ਵੀ ਕੀਤਾ ਜਾ ਸਕਦਾ ਹੈ। ਜਿਹੜੇ ਵਿਦਿਆਰਥੀ ਸਟਡੀ ਲਈ ਨਿਊਜ਼ੀਲੈਂਡ ਜਾਣਾ ਚਾਹੁੰਦੇ ਹਨ, ਉਨ੍ਹਾਂ ਨਾਲ ਸਪਾਊਸ ਵੀ ਜਾ ਸਕਦੇ ਹਨ ਅਤੇ ਸਪਾਊਸ ਨੂੰ ਕੰਮ ਕਰਣ ਦੀ ਆਜ਼ਾਦੀ ਵੀ ਹੈ। ਇਸ ਸੈਮੀਨਾਰ 'ਚ ਐਸੋਸੀਏਸ਼ਨ ਦੇ ਪ੍ਰਧਾਨ ਮਿਤੇਸ਼ ਮਲਹੋਤਰਾ, ਜਨਰਲ ਸਕੱਤਰ ਨਿਤਿਨ ਚਾਵਲਾ ਤੋਂ ਇਲਾਵਾ ਵਿਕਾਸ ਸ਼ਰਮਾ, ਇੰਦਰਜੀਤ ਬੇਦੀ, ਨਿਤਿਨ ਮਿੱਤਲ, ਰਮਨਪ੍ਰੀਤ ਸਿੰਘ ਮਹਿਤਾ, ਰਿਧਿਮਾ ਜੈਨ ਅਤੇ ਦੀਪਕ ਅਰੋੜਾ ਸਮੇਤ ਐਸੋਸੀਏਸ਼ਨ ਦੇ ਕਈ ਮੈਂਬਰ ਮੌਜੂਦ ਸਨ।